ਮਿਤੀ 26-06-2022

# ਪ੍ਰੈਸ ਨੋਟ

***ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਨਸ਼ਿਆ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ 03 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ 02 ਕਿੱਲੋ 500 ਗ੍ਰਾਮ ਹੈਰੋਇਨ, 05 ਲੱਖ ਰੁਪਏ ਡਰੱਗ ਮਨੀ, 02 ਛੋਟੇ ਕੰਪਿਊਟਰ ਕੰਡੇ, 01 ਦੇਸੀ ਪਿਸਤੌਲ .30 ਬੋਰ, 03 ਮੈਗਜੀਨ, 15 ਜਿੰਦਾ ਰੌਦ 7.62 ਐੱਮ.ਐੱਮ., 01 ਮੋਟਰ ਸਾਇਕਲ ਬ੍ਰਾਮਦ ਕੀਤਾ ਗਿਆ।***

ਪੰਜਾਬ ਸਰਕਾਰ ਵੱਲੋਂ ਨਸ਼ਿਆ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, ਫਿਰੋਜ਼ਪੁਰ ਰੇਂਜ਼, ਫਿਰੋਜ਼ਪੁਰ ਜੀ ਵੱਲੋਂ ਜ਼ਾਰੀ ਦਿਸ਼ਾ-ਨਿਰਦੇਸ਼ਾ ਅਨੁਸਾਰ ਸ਼੍ਰੀ ਚਰਨਜੀਤ ਸਿੰਘ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਦੀ ਅਗਵਾਈ ਹੇਠ ਜਿਲ੍ਹਾ ਫਿਰੋਜ਼ਪੁਰ ਵਿੱਚ ਨਸ਼ਿਆ ਨੂੰ ਠੱਲ ਪਾਉਣ ਲਈ ਜਿਲ੍ਹਾ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਸ਼੍ਰੀ ਗੁਰਬਿੰਦਰ ਸਿੰਘ ਪੀ.ਪੀ.ਐੱਸ., ਕਪਤਾਨ ਪੁਲਿਸ, ਇੰਨਵੈਸਟੀਗੇਸ਼ਨ, ਫਿਰੋਜ਼ਪੁਰ ਅਤੇ ਸ਼੍ਰੀ ਸਤਵਿੰਦਰ ਸਿੰਘ ਵਿਰਕ, ਪੀ.ਪੀ.ਐੱਸ., ਉਪ ਕਪਤਾਨ ਪੁਲਿਸ, ਸਿਟੀ ਫਿਰੋਜ਼ਪੁਰ ਦੀ ਨਿਗਰਾਨੀ ਹੇਠ ਟੀਮਾਂ ਬਣਾਈਆ ਗਈਆ ਸਨ। ਜਿੰਨਾਂ ਵਿੱਚੋਂ ਐੱਸ.ਆਈ. ਗੁਰਮੀਤ ਸਿੰਘ, ਮੁੱਖ ਅਫਸਰ, ਥਾਣਾ ਸਦਰ ਫਿਰੋਜ਼ਪੁਰ ਦੀ ਟੀਮ ਨੂੰ ਉਸ ਸਮੇਂ ਭਾਰੀ ਸਫਲਤਾ ਮਿਲੀ ਜਦੋਂ ਮਿਤੀ 25-06-2022 ਨੂੰ ਏ.ਐੱਸ.ਆਈ. ਸੁਖਚੈਨ ਸਿੰਘ ਪਾਸ **ਮੁਖਬਰੀ/ਗੁਪਤ ਸੂਚਨਾਂ ਮਿਲੀ ਕਿ ਗੁਰਜੀਤ ਸਿੰਘ ਉਰਫ ਜੀਤਾ ਪੁੱਤਰ ਜਾਗੀਰਾ ਸਿੰਘ, ਵਾਸੀ ਖਿਲਚੀ ਜਦੀਦ ਥਾਣਾ ਸਦਰ ਫਿਰੋਜ਼ਪੁਰ, ਸੰਦੀਪ ਸਿੰਘ ਉਰਫ ਸਿੱਪੀ ਪੁੱਤਰ ਅਨਵਰ, ਵਾਸੀ ਫੇਮੇ ਕੇ**, ਥਾਣਾ ਸਦਰ ਫਿਰੋਜ਼ਪੁਰ **ਅਤੇ ਸਾਗਰ ਪੁੱਤਰ ਸੰਜੇ, ਵਾਸੀ ਸਾਰਦਾ ਨਗਰ, ਸਹਾਰਨਪੁਰ (ਉੱਤਰ ਪ੍ਰਦੇਸ਼)** ਮਿਲ ਕੇ ਨਸ਼ੇ ਦਾ ਕੰਮ ਕਰਦੇ ਹਨ, ਜੇਕਰ ਮੱਧਰੇ ਫਾਟਕ ਬਾਰਡਰ ਰੋਡ, ਫਿਰੋਜ਼ਪੁਰ ਵਿਖੇ ਨਾਕਾਬੰਦੀ ਕੀਤੀ ਜਾਵੇ ਤਾਂ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਆ ਸਕਦੇ ਹਨ, ਜਿਸ ਤੇ ਉਕਤਾਨ ਦੋਸ਼ੀਆਂ ਦੇ ਖਿਲਾਫ ਮੁਕੱਦਮਾਂ ਨੰਬਰ 145 ਮਿਤੀ 25-06-2022 ਅ/ਧ 21,61,85 ਐੱਨ.ਡੀ.ਪੀ.ਐੱਸ. ਐਕਟ, 25,54,59 ਅਸਲਾ ਐਕਟ ਥਾਣਾ ਸਦਰ ਫਿਰੋਜ਼ਪੁਰ ਦਰਜ ਰਜਿਸਟਰ ਕੀਤਾ ਗਿਆ ਅਤੇ ਐੱਸ.ਆਈ. ਗੁਰਮੀਤ ਸਿੰਘ, ਮੁੱਖ ਅਫਸਰ, ਥਾਣਾ ਸਦਰ ਫਿਰੋਜ਼ਪੁਰ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਨੇੜੇ ਮੱਧਰੇ ਫਾਟਕ ਬਾਰਡਰ ਰੋਡ ਨਾਕਾਬੰਦੀ ਕਰਨ ਤੇ **ਗੁਰਜੀਤ ਸਿੰਘ ਉਰਫ ਜੀਤਾ, ਸੰਦੀਪ ਸਿੰਘ ਉਰਫ ਸਿੱਪੀ ਅਤੇ ਸਾਗਰ ਨੂੰ ਸਮੇਤ ਮੋਟਰ ਸਾਇਕਲ ਹੀਰੋ ਸਪਲੈਂਡਰ ਰੰਗ ਕਾਲਾ ਨੰਬਰੀ ਪੀ.ਬੀ. 05 ਏ.ਐਨ.-9381 ਕਾਬੂ ਕੀਤਾ ਗਿਆ,** ਜਿਨ੍ਹਾਂ ਦੀ ਸ਼੍ਰੀ ਸਤਵਿੰਦਰ ਸਿੰਘ ਵਿਰਕ, ਪੀ.ਪੀ.ਐੱਸ, ਉਪ ਕਪਤਾਨ ਪੁਲਿਸ, ਸਿਟੀ ਫਿਰੋਜ਼ਪੁਰ ਦੀ ਹਾਜਰੀ ਵਿੱਚ ਤਲਾਸ਼ੀ ਲੈਣ ਤੇ ਇਹਨਾਂ ਪਾਸੋਂ ***02 ਕਿੱਲੋ 500 ਗ੍ਰਾਮ ਹੈਰੋਇਨ, 05 ਲੱਖ ਰੁਪਏ ਡਰੱਗ ਮਨੀ (ਭਾਰਤੀ ਕਰੰਸੀ), 02 ਛੋਟੇ ਕੰਪਿਊਟਰ ਕੰਡੇ, 01 ਦੇਸੀ ਪਿਸਤੌਲ .30 ਬੋਰ, 03 ਮੈਗਜੀਨ, 15 ਜਿੰਦਾ ਰੌਦ 7.62 ਐੱਮ.ਐੱਮ. ਬ੍ਰਾਮਦ ਕੀਤੇ।*** ਦੋਸ਼ੀਆਂ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ, ਜਿਨ੍ਹਾਂ ਤੋਂ ਹੋਰ ਕਈ ਤਰ੍ਹਾਂ ਦੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਮੁਕੱਦਮਾਂ ਨੰਬਰ 145 ਮਿਤੀ 25-06-2022 ਅ/ਧ 21,61,85 ਐੱਨ.ਡੀ.ਪੀ.ਐੱਸ. ਐਕਟ, 25,54,59 ਅਸਲਾ ਐਕਟ ਥਾਣਾ ਸਦਰ ਫਿਰੋਜ਼ਪੁਰ**

**ਬਨਾਮ :**

1} ਗੁਰਜੀਤ ਸਿੰਘ ਉਰਫ ਜੀਤਾ ਪੁੱਤਰ ਜਾਗੀਰਾ ਸਿੰਘ, ਵਾਸੀ ਖਿਲਚੀ ਜਦੀਦ ਥਾਣਾ ਸਦਰ ਫ਼ਿਰੋਜ਼ਪੁਰ (ਉਮਰ ਕਰੀਬ 26 ਸਾਲ)
2} ਸੰਦੀਪ ਸਿੰਘ ਉਰਫ ਸਿੱਪੀ ਪੁੱਤਰ ਅਨਵਰ, ਵਾਸੀ ਫੇਮੇ ਕੇ, ਥਾਣਾ ਸਦਰ ਫਿਰੋਜ਼ਪੁਰ (ਉਮਰ ਕਰੀਬ 25 ਸਾਲ)
3) ਸਾਗਰ ਪੁੱਤਰ ਸੰਜੇ, ਵਾਸੀ ਸਾਰਦਾ ਨਗਰ, ਸਹਾਰਨਪੁਰ (ਉੱਤਰ ਪ੍ਰਦੇਸ਼) (ਉਮਰ ਕਰੀਬ 25 ਸਾਲ)

**ਬ੍ਰਾਮਦਗੀ:** 02 ਕਿੱਲੋ 500 ਗ੍ਰਾਮ ਹੈਰੋਇਨ, 05 ਲੱਖ ਰੁਪਏ ਡਰੱਗ ਮਨੀ (ਭਾਰਤੀ ਕਰੰਸੀ), 02 ਛੋਟੇ ਕੰਪਿਊਟਰ ਕੰਡੇ, 01 ਦੇਸੀ ਪਿਸਤੌਲ, 03 ਮੈਗਜੀਨ, 15 ਜਿੰਦਾ ਰੌਦ, 01 ਹੀਰੋ ਸਪਲੈਂਡਰ ਮੋਟਰ ਸਾਇਕਲ

**ਬ੍ਰਾਮਦਗੀ ਦੀ ਜਗ੍ਹਾ :** ਨੇੜੇ ਮੱਧਰੇ ਫਾਟਕ ਬਾਰਡਰ ਰੋਡ, ਫਿਰੋਜ਼ਪੁਰ।

**ਸਾਬਕਾ ਰਿਕਾਰਡ ਗੁਰਜੀਤ ਸਿੰਘ ਉਰਫ ਜੀਤਾ**

1) ਮੁਕੱਦਮਾਂ ਨੰਬਰ 52 ਮਿਤੀ 09-03-19 ਅ/ਧ 452,324,323,148,149 ਆਈ.ਪੀ.ਸੀ. ਥਾਣਾ ਸਦਰ ਫਿਰੋਜ਼ਪੁਰ।
2) ਮੁਕੱਦਮਾਂ ਨੰਬਰ 139 ਮਿਤੀ 06-07-19 ਅ/ਧ 307,323,148,149 ਭ:ਦ: 25,27 ਅਸਲਾ ਐਕਟ ਥਾਣਾ ਸਦਰ ਫਿਰੋਜ਼ਪੁਰ।

**ਸਾਬਕਾ ਰਿਕਾਰਡ ਸਾਗਰ ਪੁੱਤਰ ਸੰਜੇ**

1) ਮੁਕੱਦਮਾਂ ਨੰਬਰ 78 ਮਿਤੀ 18-04-2022 ਅ/ਧ 399,402 ਭ:ਦ: ਥਾਣਾ ਗੁਰੂਹਰਸਹਾਏ।

**ਸਾਬਕਾ ਰਿਕਾਰਡ ਸੰਦੀਪ ਉਰਫ ਸਿੱਪੀ**

**1) ਮੁਕੱਦਮਾ ਨੰਬਰ 232 ਮਿਤੀ 17-10-16 ਅ/ਧ 324,323,148,149 ਭ:ਦ: ਥਾਣਾ ਸਦਰ ਫਿਰੋਜ਼ਪੁਰ।**
**2) ਮੁਕੱਦਮਾ ਨੰਬਰ 195 ਮਿਤੀ 24-07-15 ਅ/ਧ 341,323,148,149 ਭ:ਦ: ਥਾਣਾ ਸਦਰ ਫਿਰੋਜ਼ਪੁਰ।**

## ਨਾਰਕੋਟਿਕ ਕੰਟਰੋਲ ਸੈੱਲ ਦੀ ਰਿਕਵਰੀ

**ਇੰਸ: ਪਰਮਿੰਦਰ ਸਿੰਘ, ਇੰਚਾਰਜ ਨਾਰਕੋਟਿਕ ਕੰਟਰੋਲ ਸੈੱਲ, ਫਿਰੋਜਪੁਰ ਦੀ ਨਿਗਰਾਨੀ ਹੇਠ ਕੰਮ ਕਰ ਰਹੀਆਂ ਵੱਖ-ਵੱਖ ਟੀਮਾਂ ਵੱਲੋਂ ਮੁਕੱਦਮਾਂ ਨੰਬਰ 73 ਮਿਤੀ 23-06-2022 ਅ/ਧ 21,61,85 ਐੱਨ.ਡੀ.ਪੀ.ਐੱਸ. ਐਕਟ ਥਾਣਾ ਕੈਂਟ ਫਿਰੋਜਪੁਰ, ਮੁਕੱਦਮਾ ਨੰਬਰ 75 ਮਿਤੀ 25-06-2022 ਅ/ਧ 25,54,59 ਅਸਲਾ ਐਕਟ ਥਾਣਾ ਕੈਂਟ ਫਿਰੋਜਪੁਰ ਵਿੱਚ 02 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ 300 ਗ੍ਰਾਮ ਹੈਰੋਇਨ, 50 ਹਜਾਰ ਰੁਪਏ ਡਰੱਗ ਮਨੀ, 01 ਪਿਸਟਲ .32 ਬੋਰ, 03 ਮੈਗਜੀਨ, 03 ਜਿੰਦਾ ਰੌਂਦ, 01 ਮੋਟਰ ਸਾਇਕਲ ਬ੍ਰਾਮਦ ਕੀਤਾ ਗਿਆ।**

**ਦੋਸ਼ੀਆਂ ਦੇ ਨਾਮ**

1. ਅਮਨ ਪੁੱਤਰ ਭਿੱਖੂ ਰਾਮ, ਵਾਸੀ ਕਨਾਲ ਕਲੋਨੀ, ਥਾਣਾ ਕੈਂਟ ਫਿਰੋਜਪੁਰ
2. ਰਮਨ ਪੁੱਤਰ ਭਿੱਖੂ ਰਾਮ, ਵਾਸੀ ਕਨਾਲ ਕਲੋਨੀ, ਥਾਣਾ ਕੈਂਟ ਫਿਰੋਜਪੁਰ

ਗ੍ਰਿਫਤਾਰੀ **ਦੀ ਮਿਤੀ ਅਤੇ** ਜਗ੍ਹਾਂ:- ਮਿਤੀ 23-06-2022, ਨੇੜੇ ਤਾਰਘਰ ਚੌਰਸਤਾ, ਥਾਣਾ ਕੈਂਟ ਫਿਰੋਜਪੁਰ।
ਕੁੱਲ ਬ੍ਰਾਮਦਗੀ:- 300 ਗ੍ਰਾਮ ਹੈਰੋਇਨ, 50 ਹਜਾਰ ਰੁਪਏ ਡਰੱਗ ਮਨੀ, 01 ਪਿਸਟਲ .32 ਬੋਰ, 03 ਮੈਗਜੀਨ, 03 ਜਿੰਦਾ ਰੌਂਦ, 01 ਮੋਟਰ ਸਾਇਕਲ

**ਸਾਬਕਾ ਰਿਕਾਰਡ ਅਮਨ ਪੁੱਤਰ ਭਿੱਖੂ ਰਾਮ, ਵਾਸੀ ਕਨਾਲ ਕਲੋਨੀ, ਥਾਣਾ ਕੈਂਟ ਫਿਰੋਜਪੁਰ**

1) ਮੁਕੱਦਮਾਂ ਨੰਬਰ 105 ਮਿਤੀ 22-04-2018 ਅ/ਧ 302,341,148,149 ਭ:ਦ: ਥਾਣਾ ਸਿਟੀ ਫਿਰੋਜਪੁਰ।
2) ਮੁਕੱਦਮਾ ਨੰਬਰ 37 ਮਿਤੀ 14-03-19 ਅ/ਧ 353,186,225,333 ਭ:ਦ: ਥਾਣਾ ਸ਼ਿਮਲਾਪੁਰੀ, ਕਮਿਸ਼ਨਰੇਟ ਲੁਧਿਆਣਾ
3) ਮੁਕੱਦਮਾ ਨੰਬਰ 252 ਮਿਤੀ 10-12-20202 ਅ/ਧ 25 ਅਸਲਾ ਐਕਟ ਥਾਣਾ ਸਦਰ ਫਿਰੋਜਪੁਰ।
4) ਮੁਕੱਦਮਾਂ ਨੰਬਰ 34 ਮਿਤੀ 23-04-2022 ਅ/ਧ 307,506,148,149 ਭ:ਦ: ਥਾਣਾ ਸਿਟੀ ਫਿਰੋਜਪੁਰ।

**ਸਾਬਕਾ ਰਿਕਾਰਡ ਰਮਨ ਪੁੱਤਰ ਭਿੱਖੂ ਰਾਮ, ਵਾਸੀ ਕਨਾਲ ਕਲੋਨੀ, ਥਾਣਾ ਕੈਂਟ ਫਿਰੋਜਪੁਰ**

1) ਮੁਕੱਦਮਾ ਨੰਬਰ 22 ਮਿਤੀ 10-03-2021 ਅ/ਧ 21 ਐਨ.ਡੀ.ਪੀ.ਐਸ ਐਕਟ ਥਾਣਾ ਕੁੱਲਗੜ੍ਹੀ।